This question paper contains 3 printed pages]

*Your Roll No*..........................

**2647**

**B.A. (PROGRAMME)/I** **D-II**

PUNJABI LANGUAGE (A)—Paper I

(Advanced Punjabi)

*Time* : 3 *Hours* *Maximum Marks* : 100

*(Write your Roll No. on the top immediately on receipt of this question paper.)*

**ਨੋਟ :** ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਬਾਰੇ 500 ਸ਼ਬਦਾਂ ਵਿਚ ਨਿਬੰਧ ਲਿਖੋ : 15

   (ੳ) ਇਸਤਰੀ ਵਿਦਿਆ

   (ਅ) ਸੰਸਾਰ ਅਮਨ

   (ੲ) ਬੇਰੁਜ਼ਗਾਰੀ ਦੀ ਸਮੱਸਿਆ

   (ਸ) ਅੱਖੀਂ ਡਿੱਠਾ ਮੇਲਾ

2. ਕਿਸੇ ਪੰਜਾਬੀ ਨਾਟਕ, ਨਾਵਲ ਜਾਂ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 15

3. ਪੇਡਾਂ, ਟੀ. ਵੀ., ਧਰਮ ਜਾਂ ਪਿਆਰ ਵਿਚੋਂ ਕਿਸੇ **ਇਕ** ਵਿਸ਼ੇ ਉੱਤੇ 10-15 ਸਤਰਾਂ ਦੀ ਮੌਲਿਕ (ਆਪਣੀ) ਕਵਿਤਾ ਲਿਖੋ। 10

P.T.O.

4. ਆਪਣੇ ਅਧਿਆਪਕ ਵਲੋਂ ਦਿੱਤੇ ਲਗਾਂ ਮਾਤਰਾਂ ਦੇ ਵਿਸ਼ੇ ਉਪਰ ਨੋਟਸ ਤਿਆਰ ਕਰੋ। 15

5. ਵਿਸ਼ੇਸ਼ਣ ਕਿਸ ਨੂੰ ਕਹਿੰਦੇ ਹਨ? ਗੁਣ ਵਾਚਕ ਤੇ ਨਿਸ਼ਚੇ ਵਾਚਕ ਵਿਸ਼ੇਸ਼ਣਾਂ ਨੂੰ ਉਦਾਹਰਣਾਂ ਦੇ ਕੇ ਸਪਸ਼ਟ ਕਰੋ। 15

**ਜਾਂ**

ਹੇਠ ਲਿਖੇ ਨਾਵ-ਸ਼ਬਦਾਂ ਦੇ ਵਿਸ਼ੇਸ਼ਣ ਬਣਾਉ।

ਮਾਲਵਾ, ਲਾਡ, ਰਸ, ਲੰਬਾਈ, ਵਪਾਰ, ਰੌਣਕ, ਵਿਕਰੀ, ਠਾਰਨਾ, ਬੋਲਣਾ, ਵੱਧਣਾ

6. ਹੇਠ ਲਿਖੇ ਪੈਰ੍ਹੇ ਨੂੰ ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ : 10

ਅਸੀਂ ਕਹਿ ਸਕਦੇ ਹਾਂ ਕਿ ਪੰਜਾਬ ਦੇ ਲੋਕ ਗੀਤ ਪੰਜਾਬੀਆਂ ਦੇ ਜੀਵਨ ਦੀ ਹੂਬਹੂ ਤਸਵੀਰ ਹਨ ਪੰਜਾਬੀ ਖੁਲ੍ਹਾ ਡੁੱਲ੍ਹਾ ਜੀਵਨ ਬਤੀਤ ਕਰਦੇ ਹਨ ਜਿਸ ਵਿਚ ਮੇਰ ਤੇਰ ਦਾ ਭਾਵ ਨਹੀਂ ਹੁੰਦਾ ਇਥੋਂ ਤੱਕ ਕਿ ਉਨ੍ਹਾਂ ਦੀ ਪੂਜਾ ਦੇ ਦੇਵਤੇ ਵੀ ਸਾਂਝੇ ਹੋ ਜਾਂਦੇ ਹਨ

7. ਹੇਠਾਂ ਦਿੱਤੇ ਪੈਰ੍ਹੇ ਦਾ ਸਾਰ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਉ : 10

ਦੇਸ਼ ਭਗਤਾਂ ਦਾ ਜੀਵਨ ਦੇਸ਼ ਦੀ ਭੇਟ ਹੁੰਦਾ ਹੈ। ਅਮਨ ਹੋਵੇ ਜਾਂ ਜੰਗ, ਉਹ ਦੇਸ ਦੀ ਭਲਾਈ ਵਿਚ ਜੁਟੇ ਰਹਿੰਦੇ ਹਨ। ਉਹ ਦੇਸ਼ ਦੀਆਂ ਕਮਜ਼ੋਰੀਆਂ ਨੂੰ ਹੌਲੀ ਹੌਲੀ ਸੋਧਦੇ ਰਹਿੰਦੇ ਹਨ। ਹਉਮੇ ਉਨ੍ਹਾਂ ਦੇ ਨੇੜੇ ਨਹੀਂ ਢੁੱਕਦੀ। ਉਹ ਤਾਂ ਸੱਚੇ ਦੇਸ਼

ਸੇਵਕ ਬਣ ਕੇ ਸੇਵਾ ਕਰਦੇ ਹਨ। ਉਹ ਦੇਸ਼-ਭਲਾਈ ਕਰਦੇ ਹਨ ਭਾਵੇਂ ਉਨ੍ਹਾਂ ਨੂੰ ਵਜ਼ੀਰੀ ਮਿਲੇ ਤੇ ਭਾਵੇਂ ਫ਼ਕੀਰੀ। ਉਹ ਉੱਚ ਆਚਾਰ ਦੇ ਮਾਲਕ ਹੁੰਦੇ ਹਨ। ਉਹ ਸਵੈ-ਭਗਤ ਨਹੀਂ ਹੁੰਦੇ। ਸਹੀ ਸ਼ਬਦਾਂ ਵਿਚ ਉਹ ਦੇਸ਼-ਭਗਤ ਹੁੰਦੇ ਹਨ। ਉਹ ਜਿੱਥੇ ਆਪ ਅਧੀਨ ਨਹੀਂ ਹੋਣਾ ਚਾਹੁੰਦੇ ਉੱਥੇ ਉਹ ਕਿਸੇ ਨੂੰ ਆਪਣੇ ਅਧੀਨ ਨਹੀਂ ਰੱਖਣਾ ਚਾਹੁੰਦੇ। ਉਹ ਜਾਤ-ਪਾਤ, ਧਰਮ ਤੇ ਰੰਗ-ਰੂਪ ਦੇ ਵਿਤਕਰਿਆਂ ਤੋਂ ਉਪਰ ਹੁੰਦੇ ਹਨ। ਉਹ ਸੱਚੇ-ਰੱਬ ਕੋਲੋਂ ਸਿਰਫ਼ ਦੇਸ਼ ਪਿਆਰ ਦੀ ਮੰਗ ਕਰਦੇ ਹਨ।

8. ਹੇਠ ਲਿਖੇ ਅਗੇਤਰਾਂ ਪਿਛੇਤਰਾਂ ਨੂੰ ਵਰਤ ਕੇ ਸ਼ਬਦ ਬਣਾਉ : 10

ਕਲ, ਨਿਸ, ਮਨ, ਲਾ, ਵਿ, ਆਰ, ਆਵਣੀ, ਈਆ, ਵਟ, ੜਾ